
ਅਧਿਆਇ - 6



# ਸਮਾਂ

**ਉਦੇਸ਼ :** 1. ਵਿਦਿਆਰਥੀ ਸਮੇਂ ਨੂੰ ਘੰਟੇ ਅਤੇ ਮਿੰਟਾਂ ਵਿੱਚ ਪੜ੍ਹਕੇ ਦੱਸ ਸਕਣ।
2. ਵਿਦਿਆਰਥੀ 12 ਘੰਟਿਆਂ ਅਤੇ 24 ਘੰਟਿਆਂ ਦੇ ਸੰਕਲਪ ਨੂੰ ਸਮਝ ਸਕਣ।
3. 12 ਘੰਟਿਆਂ ਵਾਲੇ ਸਮੇਂ ਦੇ ਸੰਕਲਪ ਵਿੱਚ AM, PM ਦੀ ਵਰਤੋਂ ਬਾਰੇ ਬੱਚਿਆਂ ਦੀ ਯੋਗਤਾ ਵਿਕਸਿਤ ਕਰਨੀ।
4. ਸਮੇਂ ਦੀ ਜੋੜ, ਘਟਾਓ ਸੰਬੰਧੀ ਸੰਕਲਪ ਵਿਕਸਿਤ ਕਰਨਾ।
5. ਕੈਲੰਡਰ ਪ੍ਰਤੀ ਬੱਚਿਆਂ ਦੀ ਸਮਝ ਵਿਕਸਿਤ ਕਰਨਾ ।

**ਜਾਣ ਪਛਾਣ :**




ਸੈਕਿੰਡ, ਮਿੰਟ ਅਤੇ ਘੰਟੇ ਉਹ ਇਕਾਈਆਂ ਹਨ, ਜਿਹੜੇ ਸਮੇਂ ਨੂੰ ਮਾਪਣ ਲਈ ਪ੍ਰਯੋਗ ਕੀਤੀਆਂ ਜਾਂਦੀਆਂ ਹਨ। ਵਿਦਿਆਰਥੀਆਂ ਦੀ ਉਮਰ ਅਤੇ ਸਹੂਲੀਅਤ ਨੂੰ ਧਿਆਨ ਵਿੱਚ ਰੱਖਦੇ ਹੋਏ, ਇਸ ਅਧਿਆਇ ਵਿੱਚ ਅਸੀਂ ਤੁਹਾਨੂੰ ਮਿੰਟਾਂ ਅਤੇ ਘੰਟਿਆਂ ਤੱਕ ਸੀਮਿਤ ਰੱਖਾਂਗੇ। ਪ੍ਰੰਤੂ ਸਾਨੂੰ ਸੈਕਿੰਡ ਬਾਰੇ ਮੁੱਢਲੀ ਜਾਣਕਾਰੀ ਵੀ ਹੋਣੀ ਚਾਹੀਦੀ ਹੈ। ਚਿੱਤਰ ਵਿੱਚ ਦਰਸਾਏ ਅਨੁਸਾਰ ਸਧਾਰਣ ਦੀਵਾਰ ਘੜੀ ਦੀਆਂ ਤਿੰਨ ਸੂਈਆਂ ਹੁੰਦੀਆਂ ਹਨ—ਛੋਟੀ ਸੂਈ ਘੰਟਿਆਂ ਨੂੰ, ਇੱਕ ਵੱਡੀ ਸੂਈ ਮਿੰਟਾਂ ਨੂੰ ਅਤੇ ਦੂਸਰੀ ਵੱਡੀ ਪਰ ਪਤਲੀ ਸੂਈ ਸੈਕਿੰਡਾਂ ਨੂੰ ਦਰਸਾਉਂਦੀ ਹੈ। ਮਿੰਟਾਂ ਵਾਲੀ ਸੂਈ ਦੀ ਗਤੀ ਘੰਟਿਆਂ ਵਾਲੀ ਸੂਈ ਤੋਂ ਤੇਜ਼ ਹੁੰਦੀ ਹੈ ਪਰ ਸੈਕਿੰਡ ਵਾਲੀ ਸੂਈ ਦੀ ਗਤੀ ਸਭ ਤੋਂ ਤੇਜ਼ ਹੁੰਦੀ ਹੈ। ਘੜੀ ਦੇ ਤਲ ਉੱਪਰ 1 ਤੋਂ 12 ਤੱਕ ਬਰਾਬਰ ਦੂਰੀ 'ਤੇ ਅੰਕ ਲਿਖੇ ਹੋਏ ਹੁੰਦੇ ਹਨ। ਹਰੇਕ ਦੋ ਅੰਕਾਂ ਵਿਚਕਾਰਲੀ ਥਾਂ ਨੂੰ 5 ਬਰਾਬਰ ਭਾਗਾਂ ਵਿੱਚ ਵੰਡਿਆ ਗਿਆ ਹੁੰਦਾ ਹੈ। ਇਸ ਤਰ੍ਹਾਂ ਪੂਰੇ ਘੜੀ ਤਲ ਨੂੰ 60 ਛੋਟੇ-ਛੋਟੇ ਭਾਗਾਂ ਵਿੱਚ ਵੰਡਿਆ ਗਿਆ ਹੁੰਦਾ ਹੈ। ਜਿੰਨੇ ਸਮੇਂ ਵਿੱਚ ਘੰਟਿਆਂ ਵਾਲੀ ਸੂਈ ਘੜੀ ਦੇ ਤਲ 'ਤੇ ਲੱਗੇ ਇੱਕ ਅੰਕ ਭਾਵ 1 ਤੋਂ 2 ਤੱਕ, ਜਿੰਨੀ ਦੂਰੀ ਤੈਅ ਕਰਦੀ ਹੈ, ਉਨ੍ਹੇਂ ਸਮੇਂ ਵਿੱਚ ਮਿੰਟਾਂ ਵਾਲੀ ਸੂਈ ਪੂਰਾ ਚੱਕਰ ਭਾਵ 60 ਛੋਟੇ ਨਿਸ਼ਾਨਾਂ ਜਿੰਨੀ ਦੂਰੀ ਤੈਅ ਕਰ ਲੈਂਦੀ ਹੈ ਅਤੇ ਸੈਕਿੰਡ ਵਾਲੀ ਸੂਈ 60 ਚੱਕਰ ਪੂਰੇ ਕਰ ਲਵੇਗੀ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ

ਇੱਕ ਘੰਟਾ = 60 ਮਿੰਟ

ਅਤੇ 1 ਮਿੰਟ = 60 ਸੈਕਿੰਡ

1 ਘੰਟਾ = 60 × 60 ਸੈਕਿੰਡ

= 3600 ਸੈਕਿੰਡ

**ਗਤੀਵਿਧੀ**

## ਟਿਕ ਟਿਕ ਸਮਾਂ

ਰਾਮ ਅਤੇ ਕਿਰਨ ਘਰ ਤੋਂ ਸਕੂਲ ਇਕੱਠੇ ਜਾ ਰਹੇ ਹਨ, ਅਤੇ ਆਪਸ ਵਿੱਚ ਗੱਲਾਂ ਕਰ ਰਹੇ ਹਨ।

**ਰਾਮ** - ਕਿਰਨ, ਤੈਨੂੰ ਘਰ ਤੋਂ ਸਕੂਲ ਤੱਕ ਜਾਣ ਲਈ ਕਿੰਨਾ ਸਮਾਂ ਲੱਗਦਾ ਹੈ?

**ਕਿਰਨ** - (ਕੁਝ ਸੋਚ ਕੇ) ਮੈਨੂੰ ਸਕੂਲ ਪੈਦਲ ਪਹੁੰਚਣ ਲਈ 10 ਮਿੰਟ ਲੱਗਦੇ ਹਨ।

**ਰਾਮ** - ਅੱਛਾ! ਪਰ ਮੈਨੂੰ ਤਾਂ ਸਕੂਲ ਪਹੁੰਚਣ ਲਈ 4 ਮਿੰਟ ਲੱਗਦੇ ਹਨ।

**ਕਿਰਨ** - ਹੈਰਾਨ ਹੋ ਕੇ! ਇਹ ਤਾਂ ਹੋ ਹੀ ਨਹੀਂ ਸਕਦਾ। ਕਿਉਂਕਿ ਤੇਰਾ ਘਰ ਤਾਂ ਸਕੂਲ ਤੋਂ ਬਹੁਤ ਦੂਰ ਹੈ।

**ਰਾਮ** - ਪਰ ਮੈਂ ਆਪਣੀ ਘੜੀ ਤੇ ਸਮਾਂ ਦੇਖਿਆ ਹੋਇਆ ਹੈ। ਮੈਂ ਸਕੂਲ ਜਾਣ ਲਈ ਸਵੇਰੇ 7:00 ਵਜੇ ਨਿਕਲਦਾ ਹਾਂ ਅਤੇ ਜਦੋਂ ਮੈਂ ਸਕੂਲ ਪਹੁੰਚਦਾ ਹਾਂ ਤਾਂ ਮਿੰਟਾਂ ਵਾਲੀ ਸੂਈ 4 ਤੇ ਹੁੰਦੀ ਹੈ। ਮਤਲਬ 7 ਵੱਜ ਕੇ 4 ਮਿੰਟ (7:04)

**ਕਿਰਨ** - ਨਹੀਂ, ਰਾਮ ਤੂੰ ਗਲਤ ਹੈ। ਤੂੰ ਤਾਂ 7 ਵੱਜ ਕੇ 20 ਮਿੰਟ ਤੇ ਸਕੂਲ ਪਹੁੰਚਦਾ ਹੈ।

**ਰਾਮ** - ਕਿਵੇਂ?

**ਕਿਰਨ** - ਕੀ ਤੂੰ ਘੜੀ ਵਿੱਚ, ਨੰਬਰਾਂ ਵਿਚਕਾਰ ਪਤਲੀਆਂ ਲਾਈਨਾਂ ਦੇਖੀਆਂ ਹਨ?

**ਰਾਮ** - 12 ਤੋਂ 4 ਤੱਕ 20 ਲਾਈਨਾਂ ਹਨ, ਇਸ ਲਈ ਇਹ 7:04 ਨਹੀਂ, 7:20 ਹੁੰਦੇ ਹਨ।

ਇਸ ਤਰ੍ਹਾਂ ਗੱਲਾਂ ਕਰਦੇ-ਕਰਦੇ ਦੋਵੇਂ ਸਕੂਲ ਪਹੁੰਚ ਜਾਂਦੇ ਹਨ।

## 6.1 ਸਮੇਂ ਨੂੰ 5-5 ਮਿੰਟ ਦੀ ਅਵਧੀ ਵਿੱਚ ਪੜ੍ਹਨਾ

**ਉਦਾਹਰਨ 1 :** ਘੜੀ ਵੇਖ ਕੇ ਸਮਾਂ ਦੱਸੋ :

(a) 


**ਉੱਤਰ :** (a) 2:30 ਜਾਂ 2 ਵੱਜ ਕੇ 30 ਮਿੰਟ

(b)  **ਉੱਤਰ :** (b) 3:35 ਜਾਂ ਤਿੰਨ ਵੱਜ ਕੇ ਪੈਂਤੀ ਮਿੰਟ

**ਉਦਾਹਰਨ 2 :** ਹੇਠਾਂ ਦਿੱਤੇ ਸਮੇਂ ਨੂੰ ਦਿੱਤੀ ਘੜੀ 'ਤੇ ਦਰਸਾਓ :



4 : 20

(a)



7 : 35

(b)

**ਉੱਤਰ :**



(a)



(b)

**ਉਦਾਹਰਨ 3 :** ਪਹਿਲੀ ਘੜੀ ਵਿੱਚ ਦਰਸਾਏ ਗਏ ਸਮੇਂ ਅਤੇ ਦੂਜੀ ਘੜੀ ਵਿੱਚ ਦਰਸਾਏ ਸਮੇਂ ਤੇ ਪਹੁੰਚਣ ਵਿੱਚ ਮਿੰਟਾਂ ਵਾਲੀ ਸੂਈ ਨੂੰ ਕਿੰਨਾ ਸਮਾਂ ਲੱਗੇਗਾ ?

(a)  ਤੋਂ 

(b)  ਤੋਂ 

**ਉੱਤਰ :**

(a) 15 ਮਿੰਟ (b) 40 ਮਿੰਟ

## 6.2 ਸਮੇਂ ਨੂੰ ਨੇੜਲੇ ਮਿੰਟਾਂ ਤੱਕ ਪੜ੍ਹਨਾ



ਬੱਚਿਓ ਸਾਹਮਣੇ ਦਿੱਤੀ ਘੜੀ ਦੀ ਤਸਵੀਰ ਵੱਲ ਵੇਖੋ। ਘੰਟਿਆਂ ਵਾਲੀ ਸੂਈ 7 ਅਤੇ 8 ਦੇ ਵਿਚਕਾਰ ਹੈ ਅਤੇ ਮਿੰਟਾਂ ਵਾਲੀ ਸੂਈ ਅੰਕ 4 ਤੋਂ ਇੱਕ ਛੋਟਾ ਨਿਸ਼ਾਨ ਅੱਗੇ ਪਹੁੰਚ ਗਈ ਹੈ। ਬੱਚੇ ਗਤੀਵਿਧੀ–ਟਿੱਕ ਟਿੱਕ ਟਿੱਕ ਵਿੱਚ ਅਸੀਂ ਪਹਿਲਾਂ ਹੀ ਪੜ੍ਹ ਚੁੱਕੇ ਹਾਂ ਕਿ ਮਿੰਟਾਂ ਵਾਲੀ ਸੂਈ ਨੂੰ 12 ਤੋਂ 4 ਤੱਕ ਪਹੁੰਚਣ 'ਤੇ $4 \times 5 = 20$ ਮਿੰਟ ਲੱਗਦੇ ਹਨ। ਪ੍ਰੰਤੂ ਮਿੰਟਾਂ ਵਾਲੀ ਸੂਈ ਅੰਕ 4 ਤੋਂ ਇੱਕ ਛੋਟਾ ਨਿਸ਼ਾਨ ਅੱਗੇ ਪਹੁੰਚ ਚੁੱਕੀ ਹੈ।

ਇਸ ਲਈ $4 \times 5 + 1 = 20 + 1 = 21$

ਇਸ ਲਈ, ਚਿੱਤਰ ਘੜੀ ਉੱਪਰ ਸਮਾਂ 7 ਵੱਜ ਕੇ 21 ਮਿੰਟ ਹੈ।

**ਉਦਾਹਰਨ 4 :** ਦਿੱਤੀ ਗਈ ਘੜੀ ਤਸਵੀਰ ਵਿੱਚੋਂ ਸਮਾਂ ਪੜ੍ਹ ਕੇ ਦੱਸੋ।

**ਉੱਤਰ :** ਮਿੰਟਾਂ ਵਾਲੀ ਸੂਈ 8 ਅਤੇ 9 ਦੇ ਵਿਚਕਾਰ, 8 ਤੋਂ ਦੋ ਛੋਟੇ ਨਿਸ਼ਾਨ ਅੱਗੇ ਲੰਘ ਗਈ ਹੈ ਅਤੇ ਛੋਟੀ ਸੂਈ 1 ਅਤੇ 2 ਦੇ ਵਿਚਕਾਰ ਹੈ।



ਇਸ ਲਈ, ਵੱਡੀ ਸੂਈ ਦੁਆਰਾ ਦਰਸਾਏ ਗਏ ਮਿੰਟ $= (8 \times 5) + 2$

$= 40 + 2$

$= 42$ ਮਿੰਟ

ਇਸ ਲਈ, ਘੜੀ ਉੱਪਰ ਸਮਾਂ ਇੱਕ ਵੱਜ ਕੇ ਬਿਆਲੀ ਮਿੰਟ ਹੈ। (1 ਵੱਜ ਕੇ 42 ਮਿੰਟ)

**ਉਦਾਹਰਨ 5 :** ਦਿੱਤੀ ਗਈ ਘੜੀ ਤਸਵੀਰ ਵਿੱਚੋਂ ਸਮਾਂ ਪੜ੍ਹ ਕੇ ਦੱਸੋ।

**ਉੱਤਰ :** ਮਿੰਟਾਂ ਵਾਲੀ ਸੂਈ 11 ਅਤੇ 12 ਦੇ ਵਿਚਕਾਰ, 11 ਤੋਂ 1 ਛੋਟਾ ਨਿਸ਼ਾਨ ਅੱਗੇ ਲੰਘ ਗਈ ਹੈ ਅਤੇ ਛੋਟੀ ਸੂਈ 8 ਤੋਂ ਅੱਗੇ ਪਰ 9 ਦੇ ਨੇੜੇ ਹੈ।



ਇਸ ਲਈ, ਸੂਈ ਦੁਆਰਾ ਦਰਸਾਏ ਗਏ ਮਿੰਟ $= (11 \times 5) + 1$

$= 55 + 1$

$= 56$ ਮਿੰਟ

ਇਸ ਲਈ, ਘੜੀ ਉੱਪਰ ਸਮਾਂ = 8 ਵੱਜ ਕੇ 56 ਮਿੰਟ

ਜਾਂ

9 ਵੱਜਣ ਵਿੱਚ 4 ਮਿੰਟ ਘੱਟ

## ਅਭਿਆਸ 6.1

1. ਹੇਠ ਦਿੱਤੀਆਂ ਘੜੀਆਂ ਵਿੱਚ ਦਰਸਾਇਆ ਗਿਆ ਸਮਾਂ ਲਿਖੋ:

(a) 

(b) 

(c) 

(d) 

(e) 


(f) 


2. ਹੇਠਾਂ ਦਿੱਤੇ ਸਮੇਂ ਨੂੰ ਆਪਣੀ ਕਾਪੀ ਦੇ ਪੰਨੇ 'ਤੇ ਘੜੀ ਬਣਾ ਕੇ ਦਰਸਾਓ।

(a) 4 : 20 (b) 7:35 (c) 4 : 45

(d) 3:15 (e) 11:40 (f) 9:15

3. ਪਹਿਲੀ ਘੜੀ ਵਿੱਚ ਦਰਸਾਏ ਗਏ ਸਮੇਂ ਤੋਂ ਦੂਸਰੀ ਘੜੀ ਵਿੱਚ ਦਰਸਾਏ ਗਏ ਸਮੇਂ ਤੱਕ ਪਹੁੰਚਣ ਵਿੱਚ ਮਿੰਟਾਂ ਵਾਲੀ ਸੂਈ ਨੂੰ ਕਿੰਨਾ ਸਮਾਂ ਲੱਗੇਗਾ ?

(a) 

(b) 

4. ਸਾਹਮਣੇ ਦਿੱਤੀ ਚਿੱਤਰ ਘੜੀ ਵਿੱਚ ਸਮਾਂ ਪੜ੍ਹ ਕੇ ਦੱਸੋ।




5. ਸਾਹਮਣੇ ਦਿੱਤੀ ਚਿੱਤਰ ਘੜੀ ਵਿੱਚ ਸਮਾਂ ਪੜ੍ਹ ਕੇ ਦੱਸੋ।




## 6.3 ਚਿੰਨ੍ਹਾਂ ਵਿੱਚ ਸਮਾਂ ਲਿਖਣਾ :

ਚਿੰਨ੍ਹਾਂ ਵਿੱਚ ਸਮਾਂ ਲਿਖਦੇ ਸਮੇਂ ਘੰਟੇ ਲਿਖਣ ਉਪਰੰਤ ਦੁਬਿੰਦੀ ਦੀ ਵਰਤੋਂ ਕਰਦੇ ਹੋਏ ਮਿੰਟ ਲਿਖੇ ਜਾਂਦੇ ਹਨ। ਜਿਵੇਂ 11 ਵੱਜ ਕੇ 40 ਮਿੰਟ ਨੂੰ ਅਸੀਂ 11:40 ਲਿਖਾਂਗੇ। (ਇੱਥੇ ਧਿਆਨ ਰੱਖਣ ਯੋਗ ਗੱਲ ਹੈ ਕਿ ਸਮਾਂ ਲਿਖਦੇ ਸਮੇਂ ਇੱਕ ਬਿੰਦੀ ਦਾ ਪ੍ਰਯੋਗ ਗਲਤ ਹੈ ਜਿਵੇਂ ਉਪਰੋਕਤ ਉਦਾਹਰਨ ਵਿੱਚ 11.40 ਲਿਖਣਾ ਗਲਤ ਹੈ)।

**ਉਦਾਹਰਨ 6 : ਚਿੰਨ੍ਹਾਂ ਵਿੱਚ ਸਮਾਂ ਲਿਖੋ :**

(a) 3 ਵੱਜ ਕੇ 47 ਮਿੰਟ
(b) 8 ਵੱਜ ਕੇ 30 ਮਿੰਟ
(c) 6 ਵੱਜ ਕੇ 25 ਮਿੰਟ
(d) 9 ਵੱਜ ਕੇ 35 ਮਿੰਟ

**ਉੱਤਰ :** (a) 3:47
(b) 8:30
(c) 6:25
(d) 9:35

## 6.4 12 ਘੰਟੇ/24 ਘੰਟੇ ਵਾਲੀ ਸਮਾਂ ਤਰਤੀਬ

ਰੇਲਵੇ, ਏਅਰਲਾਈਨ, ਹਸਪਤਾਲ, ਉਦਯੋਗ ਅਤੇ ਮਿਲਟਰੀ ਸੇਵਾਵਾਂ ਆਦਿ ਵਿੱਚ ਸਮੇਂ ਦੀ 24 ਘੰਟੇ ਵਾਲੀ ਤਰਤੀਬ ਵਧੇਰੇ ਪ੍ਰਚਲਿਤ ਹੈ ਕਿਉਂਕਿ 24 ਘੰਟੇ ਵਾਲੀ ਸਮੇਂ ਦੀ ਤਰਤੀਬ ਵਿੱਚ ਸਮੇਂ ਸਬੰਧੀ ਭੁਲੇਖੇ ਦੀ ਗੁੰਜਾਇਸ਼ ਨਹੀਂ ਰਹਿੰਦੀ। ਜਿਵੇਂ ਇੱਕ ਮਰੀਜ਼ ਨੂੰ ਦਵਾਈ ਦੇਣ ਲਈ ਜੇਕਰ 24 ਘੰਟੇ ਵਾਲੀ ਸਮਾਂ ਸਾਰਣੀ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਸਵੇਰੇ ਅਤੇ ਸ਼ਾਮ ਦਾ ਭੁਲੇਖਾ ਪੈਣ ਦੀ ਗੁੰਜਾਇਸ਼ ਖ਼ਤਮ ਹੋ ਜਾਂਦੀ ਹੈ।

### ਗਤੀਵਿਧੀ

ਗਰਮੀਆਂ ਦੀਆਂ ਛੁੱਟੀਆਂ ਕਾਰਨ ਸੁਰਿੰਦਰ ਦਾ ਸਕੂਲ ਬੰਦ ਹੋ ਗਿਆ। ਛੁੱਟੀਆਂ ਵਿੱਚ ਉਹ ਆਪਣੀ ਭੂਆ ਘਰ ਗਿਆ। ਉੱਥੇ ਉਹ ਆਪਣੀ ਭੂਆ ਦੇ ਬੱਚਿਆਂ ਨਾਲ ਬਹੁਤ ਖੇਡਿਆ। ਉਸ ਦਾ ਦਿਲ ਵਾਪਿਸ ਜਾਣ ਨੂੰ ਨਹੀਂ ਕਰ ਰਿਹਾ ਸੀ।

ਪਰ ਇੱਕ ਦਿਨ ਉਸ ਦੇ ਪਿਤਾ ਨੇ ਉਸ ਨੂੰ ਵਾਪਿਸ ਘਰ ਪਰਤਨ ਦਾ ਸੁਨੇਹਾ ਦਿੱਤਾ ਅਤੇ ਕਿਹਾ ਕਿ ਤੁਸੀਂ 5:30 ਵਜੇ ਵਾਲੀ ਰੇਲ ਗੱਡੀ 'ਤੇ ਵਾਪਿਸ ਆ ਜਾਓ। ਸੁਰਿੰਦਰ ਇੰਨੀ ਜਲਦੀ ਵਾਪਿਸ ਨਹੀਂ ਸੀ ਜਾਣਾ ਚਾਹੁੰਦਾ। ਉਸਨੇ ਕਿਹਾ, ਕਾਸ਼! ਅੱਜ ਰੇਲਗੱਡੀ ਛੁੱਟ ਜਾਵੇ। ਸ਼ਾਮ ਨੂੰ ਸੁਰਿੰਦਰ ਆਪਣੀ ਭੂਆ ਨਾਲ 5:15 ਵਜੇ ਸਟੇਸ਼ਨ 'ਤੇ ਪਹੁੰਚਿਆ ਅਤੇ ਸਟੇਸ਼ਨ ਪਹੁੰਚ ਕੇ ਪਤਾ ਲੱਗਾ ਕਿ ਉਨਾਂ ਦੀ ਰੇਲਗੱਡੀ ਸੱਚਮੁੱਚ ਛੁੱਟ ਗਈ ਸੀ। ਸੁਰਿੰਦਰ ਬਹੁਤ ਖੁਸ਼ ਹੋਇਆ।

ਕੀ, ਕੋਈ ਬੱਚਾ ਦੱਸ ਸਕਦਾ ਹੈ ਕਿ ਉਹਨਾਂ ਦੀ ਗੱਡੀ ਕਿਉਂ ਛੁੱਟ ਗਈ।

ਅਸਲ ਵਿੱਚ ਗੱਡੀ ਸਵੇਰੇ 5:30 ਵਜੇ ਚਲੀ ਗਈ ਸੀ।

ਸੁਰਿੰਦਰ ਦੀ ਭੂਆ ਨੇ ਸਟੇਸ਼ਨ ਮਾਸਟਰ ਨੂੰ ਪੁੱਛਿਆ ਕਿ ਟਿਕਟ ਤੇ ਤਾਂ ਗੱਡੀ ਦੇ ਜਾਣ ਦਾ ਸਮਾਂ 5.30 ਦਾ ਸੀ।

**ਸਟੇਸ਼ਨ ਮਾਸਟਰ** - ਮੈਡਮ ਜੀ 5.30 ਦਾ ਮਤਲਬ ਸਵੇਰ ਦੇ 5:30 ਤੋਂ ਸੀ।

**ਭੂਆ** - ਇਹ ਕਿਉਂ ?

**ਸਟੇਸ਼ਨ ਮਾਸਟਰ** - ਕਿਉਂਕਿ ਸਟੇਸ਼ਨ 'ਤੇ 24 ਘੰਟੇ ਵਾਲੀ ਘੜੀ ਵਰਤੋਂ ਵਿੱਚ ਲਿਆਂਦੀ ਜਾਂਦੀ ਹੈ। ਜਿਸ ਵਿੱਚ ਅੱਧੀ ਰਾਤ 12 ਵਜੇ ਤੋਂ ਲੈ ਕੇ ਅਗਲੀ ਦੁਪਹਿਰ ਦੇ 12 ਵਜੇ ਤੱਕ 12 ਘੰਟੇ ਵਾਲੀ ਘੜੀ ਅਤੇ 24 ਘੰਟੇ ਵਾਲੀ ਘੜੀ ਦਾ ਸਮਾਂ ਇੱਕ ਸਮਾਨ ਰਹਿੰਦਾ ਹੈ। ਪਰ ਦੁਪਹਿਰ ਦੇ 12 ਵਜੇ ਤੋਂ ਰਾਤ ਦੇ 12 ਵਜੇ ਤੱਕ 24 ਘੰਟੇ ਵਾਲੀ ਘੜੀ ਵਿੱਚ ਸਮਾਂ 12 ਘੰਟੇ ਵਾਲੇ ਸਮੇਂ ਵਿੱਚ 12 ਜੋੜ ਕੇ ਪ੍ਰਾਪਤ ਹੁੰਦਾ ਹੈ। ਇਸ ਲਈ ਤੁਸੀਂ 17:15 ਵਜੇ ਆਏ ਹੋ ਨਾ ਕਿ 5:15 ਵਜੇ।

**ਯਾਦ ਰੱਖੋ**

ਅੱਧੀ ਰਾਤ 12 ਵਜੇ ਤੋਂ ਲੈ ਕੇ ਅਗਲੀ ਦੁਪਹਿਰ ਦੇ 12 ਵਜੇ ਤੱਕ ਦੇ ਸਮੇਂ ਨੂੰ ਦਰਸਾਉਣ ਲਈ AM ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਦੁਪਹਿਰ 12 ਵਜੇ ਤੋਂ ਅੱਧੀ ਰਾਤ ਤੱਕ ਦੇ ਸਮੇਂ ਲਈ PM ਦੀ ਵਰਤੋਂ ਕੀਤੀ ਜਾਂਦੀ ਹੈ।

## ਆਓ ਸਿੱਖੀਏ :

| ਸਮਾਂ | 12 ਘੰਟੇ ਵਾਲੀ ਘੜੀ 'ਤੇ ਸਮਾਂ | 24 ਘੰਟੇ ਵਾਲੀ ਘੜੀ 'ਤੇ ਸਮਾਂ |
|---|---|---|
| ਦੁਪਹਿਰ 2 ਵਜੇ | 2:00 PM | 14:00 ਘੰਟੇ |
| ਦੁਪਹਿਰ 3 ਵਜੇ | 3:00 PM | 15:00 ਘੰਟੇ |
| ਦੁਪਹਿਰ 3:30 ਵਜੇ | 3:30 PM | 15:30 ਘੰਟੇ |
| ਸਵੇਰੇ 7 ਵਜੇ | 7:00 AM | 07:00 ਘੰਟੇ |
| ਰਾਤ 8 ਵਜੇ | 8:00 PM | 20:00 ਘੰਟੇ |
| ਰਾਤ 9 ਵਜੇ | 9:00 PM | 21:00 ਘੰਟੇ |

ਨੋਟ : ਜਦੋਂ ਸਮਾਂ PM ਹੋਵੇ (ਦੁਪਹਿਰ ਤੋਂ ਬਾਅਦ ਦਾ ਹੋਵੇ) ਤਾਂ 24 ਘੰਟਿਆਂ ਵਾਲੀ ਤਰਤੀਬ ਵਿੱਚ ਬਦਲਣ ਲਈ ਉਸ ਵਿੱਚ 12 ਜੋੜੋ।

**ਉਦਾਹਰਨ 7 :** ਅੰਸ਼ੁਲ ਹਰ ਰੋਜ ਸਵੇਰੇ 6 ਵਜੇ ਉੱਠਦਾ ਹੈ ਅਤੇ ਸੈਰ ਕਰਨ ਜਾਂਦਾ ਹੈ, ਫਿਰ ਨਹਾ ਧੋ ਕੇ 8 ਵਜੇ ਸਵੇਰੇ ਸਕੂਲ ਜਾਂਦਾ ਹੈ। ਉਸਨੂੰ ਦੁਪਹਿਰ 2 ਵਜੇ ਸਕੂਲ ਤੋਂ ਛੁੱਟੀ ਮਿਲਦੀ ਹੈ ਅਤੇ ਸ਼ਾਮ ਨੂੰ 6 ਵਜੇ ਉਹ ਖੇਡਦਾ ਹੈ। ਫਿਰ ਰਾਤ ਨੂੰ 9 ਵਜੇ ਸੌਂ ਜਾਂਦਾ ਹੈ। ਜੋ ਵੱਖ-ਵੱਖ ਸਮੇਂ ਦੱਸੇ ਗਏ ਹਨ ਉਹਨਾਂ ਨੂੰ AM, PM ਵਿੱਚ ਦਰਸਾਓ।

**ਉੱਤਰ :** ਸਵੇਰੇ 6 ਵਜੇ = 6:00 AM

ਸਵੇਰੇ 8 ਵਜੇ = 8:00 AM

ਦੁਪਹਿਰ 2 ਵਜੇ = 2:00 PM

ਸ਼ਾਮ 6 ਵਜੇ = 6:00 PM

ਰਾਤ 9 ਵਜੇ = 9:00 PM

**ਉਦਾਹਰਨ 8 :** ਹੇਠਾਂ ਦਿੱਤੇ ਗਏ ਸਮਿਆਂ ਨੂੰ 24 ਘੰਟੇ ਵਾਲੀ ਸਮਾਂ ਤਰਤੀਬ ਵਿੱਚ ਤਬਦੀਲ ਕਰੋ :

(a) 8:00 ਵਜੇ ਸਵੇਰ (b) 8:00 ਵਜੇ ਸ਼ਾਮ

(c) 5:00 AM (d) 5:00 PM

**ਉੱਤਰ :** (a) 8:00 ਵਜੇ ਸਵੇਰ = 08:00 ਘੰਟੇ

(b) 8:00 ਵਜੇ ਸ਼ਾਮ = 20:00 ਘੰਟੇ

(c) 5:00 AM = 05:00 ਘੰਟੇ

(d) 5:00 PM = 17:00 ਘੰਟੇ

**ਉਦਾਹਰਨ 9 :** ਹੇਠ ਲਿਖੇ ਸਮੇਂ ਨੂੰ ਅੰਕਾਂ ਵਿੱਚ ਲਿਖੋ ।

(a) ਪੌਣੇ ਪੰਜ

(b) ਸਵਾ ਚਾਰ

(c) ਸਾਢੇ ਸੱਤ

**ਉੱਤਰ :** (a) ਪੌਣੇ ਪੰਜ = 4 : 45

(b) ਸਵਾ ਚਾਰ = 4 : 15

(c) ਸਾਢੇ ਸੱਤ = 7 : 30

## ਅਭਿਆਸ 6.2

**1. ਖਾਲੀ ਥਾਵਾਂ ਭਰੋ—**

(a) 9 ਵੱਜਣ 'ਚ 15 ਮਿੰਟ = 8 ਵੱਜ ਕੇ ............ ਮਿੰਟ

(b) ਪੌਣੇ 6 = 5 ਵੱਜ ਕੇ ............ ਮਿੰਟ

(c) ਸਾਢੇ 9 = 9 ਵੱਜ ਕੇ ............ ਮਿੰਟ

(d) 8 ਵੱਜਣ ਵਿੱਚ 20 ਮਿੰਟ = 7 ਵੱਜ ਕੇ ....... ਮਿੰਟ

**2. ਹੇਠ ਦਿੱਤੇ ਦੁਪਹਿਰ ਤੋਂ ਬਾਅਦ ਦੇ ਸਮੇਂ ਨੂੰ ਅੰਕਾਂ ਵਿੱਚ ਲਿਖੋ :**

(a) ਪੰਜ ਵੱਜਣ ਵਿੱਚ 15 ਮਿੰਟ

(b) ਸਵਾ ਚਾਰ ਵਜੇ

(c) ਨੌਂ ਵੱਜਣ ਵਿੱਚ 35 ਮਿੰਟ

**3. ਹੇਠਾਂ ਦਿੱਤੇ ਸਮੇਂ ਨੂੰ AM ਅਤੇ PM ਦੀ ਵਰਤੋਂ ਕਰਕੇ ਲਿਖੋ :**

(a) ਸਵੇਰ ਦੇ 5:20 ਵਜੇ (b) ਸ਼ਾਮ ਦੇ 6:40 ਵਜੇ

(c) ਰਾਤ ਦੇ 9:35 ਵਜੇ (d) ਸਵੇਰ ਦੇ 11:10 ਵਜੇ

(e) ਸਵੇਰ ਦੇ 8:40 ਵਜੇ

**4. ਹੇਠਾਂ ਦਿੱਤੇ ਗਏ ਸਮੇਂ ਨੂੰ 24 ਘੰਟੇ ਵਾਲੀ ਸਮਾਂ ਸਾਰਣੀ ਵਿੱਚ ਤਬਦੀਲ ਕਰੋ :**

(a) 9:45 ਵਜੇ ਸਵੇਰ (b) 9:45 ਵਜੇ ਰਾਤ

(c) ਸਵੇਰ 10:15 ਵਜੇ (d) ਰਾਤ 10:15 ਵਜੇ

(e) ਸਵੇਰ 3:20 ਵਜੇ (f) ਦੁਪਹਿਰ 3:20 ਵਜੇ

**5. 24 ਘੰਟੇ ਵਾਲੀ ਸਮਾਂ ਸਾਰਣੀ ਨੂੰ AM ਅਤੇ PM ਦੀ ਵਰਤੋਂ ਕਰਕੇ 12 ਘੰਟੇ ਵਾਲੀ ਸਮਾਂ ਤਰਤੀਬ ਵਿੱਚ ਬਦਲੋ।**

(a) 08:48 ਵਜੇ (b) 20:48 ਵਜੇ

(c) 13:13 ਵਜੇ (d) 07:20 ਵਜੇ

(e) 06:00 ਵਜੇ (f) 19:30 ਵਜੇ

## 6.5 ਸਮੇਂ ਦਾ ਜੋੜ ਘਟਾਓ

### 6.5.1 ਨਿਯਮ : ਸਮੇਂ ਦਾ ਜੋੜ

1. ਘੰਟੇ ਅਤੇ ਮਿੰਟਾਂ ਨੂੰ ਕਾਲਮ ਵਿੱਚ ਲਿਖੋ।
2. ਪਹਿਲਾਂ ਮਿੰਟਾਂ ਦਾ ਜੋੜ ਕਰੋ। ਜੇਕਰ ਮਿੰਟਾਂ ਦਾ ਜੋੜ 60 ਜਾਂ ਵੱਧ ਹੈ ਤਾਂ ਇਸਨੂੰ ਘੰਟੇ ਅਤੇ ਮਿੰਟਾਂ ਵਿੱਚ ਤਬਦੀਲ ਕਰੋ।
3. ਘੰਟੇ, ਘੰਟਿਆਂ ਵਾਲੇ ਕਾਲਮ ਵਿੱਚ ਲਿਖ ਲਵੋ ਅਤੇ ਮਿੰਟ, ਮਿੰਟਾਂ ਵਾਲੇ ਕਾਲਮ ਵਿੱਚ ਉੱਤਰ ਦੇ ਰੂਪ ਵਿੱਚ ਲਿਖੋ।
4. ਹੁਣ ਘੰਟਿਆਂ ਦਾ ਜੋੜ ਕਰਕੇ ਉਸੇ ਕਾਲਮ ਦੇ ਹੇਠਾਂ ਘੰਟਿਆਂ ਦਾ ਉੱਤਰ ਲਿਖੋ।
5. ਘੰਟੇ ਅਤੇ ਮਿੰਟ ਇਕੱਠੇ ਕਰਕੇ ਜੋੜਫਲ ਪ੍ਰਾਪਤ ਹੋ ਜਾਵੇਗਾ।

**ਉਦਾਹਰਨ 9 :** 12 ਘੰਟੇ 27 ਮਿੰਟ ਵਿੱਚ 4 ਘੰਟੇ 14 ਮਿੰਟ ਜੋੜੋ।

**ਉੱਤਰ :**

| ਘੰਟੇ | ਮਿੰਟ |
|---|---|
| 12 | 27 |
| + 4 | 14 |
| 16 | 41 |

= 16 ਘੰਟੇ 41 ਮਿੰਟ

**ਉਦਾਹਰਨ 10 :** 12 ਘੰਟੇ 28 ਮਿੰਟ ਵਿੱਚ 7 ਘੰਟੇ 47 ਮਿੰਟ ਜੋੜੋ।

**ਉੱਤਰ :**

| ਘੰਟੇ | ਮਿੰਟ |
|---|---|
| 12 | 28 |
| + 7 | 47 |
| 19 | 75 |

75 ਮਿੰਟ
= 60 ਮਿੰਟ + 15 ਮਿੰਟ
= 1 ਘੰਟਾ 15 ਮਿੰਟ

= 19 ਘੰਟੇ ਅਤੇ 1 ਘੰਟਾ 15 ਮਿੰਟ
= 19 + 1 ਘੰਟੇ 15 ਮਿੰਟ
= 20 ਘੰਟੇ 15 ਮਿੰਟ

### 6.5.2 ਨਿਯਮ : ਸਮੇਂ ਦੀ ਘਟਾਓ :

1. ਘੰਟੇ ਅਤੇ ਮਿੰਟਾਂ ਨੂੰ ਕਾਲਮ ਵਿੱਚ ਲਿਖੋ।
2. ਪਹਿਲਾਂ ਮਿੰਟਾਂ ਦੀ ਘਟਾਓ ਕਰੋ। ਜੇਕਰ ਘਟਾਓ ਕੀਤੇ ਜਾਣ ਵਾਲੇ ਮਿੰਟ ਦਿੱਤੇ ਮਿੰਟਾਂ ਤੋਂ ਵੱਧ ਹੋਣ ਤਾਂ 1 ਘੰਟਾ ਉਧਾਰ (ਹਾਸਲ) ਲੈ ਲਵੋ ਜੋ 60 ਮਿੰਟ ਦੇ ਬਰਾਬਰ ਹੁੰਦਾ ਹੈ ਅਤੇ ਮਿੰਟਾਂ ਦੀ ਘਟਾਓ ਕਰੋ।
3. ਫਿਰ ਬਚੇ ਹੋਏ ਘੰਟਿਆਂ ਦੀ ਘਟਾਓ ਕਰੋ।

**ਉਦਾਹਰਨ 11 :** 5 ਘੰਟੇ 28 ਮਿੰਟ ਨੂੰ 7 ਘੰਟੇ 35 ਮਿੰਟ ਵਿੱਚੋਂ ਘਟਾਓ।

**ਉੱਤਰ :**

| ਘੰਟੇ | ਮਿੰਟ |
|---|---|
| 7 | 35 |
| – 5 | 28 |
| 2 | 07 |

= 2 ਘੰਟੇ 7 ਮਿੰਟ

**ਉਦਾਹਰਨ 12 :** 12 ਘੰਟੇ 25 ਮਿੰਟ ਵਿੱਚੋਂ 8 ਘੰਟੇ 44 ਮਿੰਟ ਘਟਾਓ।

**ਉੱਤਰ :**

| ਘੰਟੇ | ਮਿੰਟ |
|---|---|
| 11 | 85 |
| ~~12~~ | ~~25~~ |
| 8 | 44 |
| 3 | 41 |

= 3 ਘੰਟੇ 41 ਮਿੰਟ

**ਉਦਾਹਰਨ 13 :** ਇੱਕ ਵਿਆਹ ਸਮਾਰੋਹ 9:30 PM ਤੇ ਸ਼ੁਰੂ ਹੋਇਆ ਅਤੇ 4:15 AM 'ਤੇ ਸਮਾਪਤ ਹੋਇਆ। ਦੱਸੋ ਸਾਰੇ ਸਮਾਰੋਹ ਦਾ ਸਮਾਂ ਅੰਤਰਾਲ ਕਿੰਨਾ ਸੀ?

**ਹੱਲ :**

| | | |
|---|---|---|
| 9:30 PM ਤੋਂ 10:00 PM ਤੱਕ ਸਮਾਂ | = | 30 ਮਿੰਟ |
| 10:00 PM ਤੋਂ 12:00 ਅੱਧੀ ਰਾਤ ਤੱਕ ਸਮਾਂ | = | 2 ਘੰਟੇ |
| 12:00 ਅੱਧੀ ਰਾਤ ਤੋਂ 4:00 AM ਤੱਕ ਸਮਾਂ | = | 4 ਘੰਟੇ |
| 4:00 AM ਤੋਂ 4:15 AM ਤੱਕ ਸਮਾਂ | = | 15 ਮਿੰਟ |
| ਕੁੱਲ ਸਮਾਂ | = | 6 ਘੰਟੇ 45 ਮਿੰਟ |
| ਇਸ ਲਈ, ਸਮਾਰੋਹ ਦਾ ਕੁੱਲ ਸਮਾਂ ਅੰਤਰਾਲ | = | 6 ਘੰਟੇ 45 ਮਿੰਟ |

## ਅਭਿਆਸ 6.3

1. ਦੋ ਘੰਟੇ ਬਾਅਦ ਦਾ ਸਮਾਂ ਕੀ ਹੋਵੇਗਾ ?

(a) 9:20 AM
(b) 12:00 ਦੁਪਹਿਰ
(c) 11:15 PM
(d) 5:10 PM
(e) 3:30 PM
(f) 7:35 AM

2. ਇੱਕ ਘੰਟਾ ਪਹਿਲਾਂ ਦਾ ਸਮਾਂ ਕੀ ਹੋਵੇਗਾ ?

(a) ਰਾਤ ਦੇ 12 ਵਜੇ

(b) 3:30 ਦੁਪਹਿਰ ਤੋਂ ਬਾਅਦ

(c) 11:00 ਦੁਪਹਿਰ ਤੋਂ ਪਹਿਲਾਂ

(d) 4:00 ਦੁਪਹਿਰ ਤੋਂ ਪਹਿਲਾਂ

(e) 9:00 ਦੁਪਹਿਰ ਤੋਂ ਬਾਅਦ

(f) 8:50 ਦੁਪਹਿਰ ਤੋਂ ਪਹਿਲਾਂ

3. ਜੋੜੋ :

(a) 2 ਘੰਟੇ 15 ਮਿੰਟ ਵਿੱਚ 3 ਘੰਟੇ 28 ਮਿੰਟ

(b) 15 ਘੰਟੇ 28 ਮਿੰਟ ਵਿੱਚ 4 ਘੰਟੇ 12 ਮਿੰਟ

(c) 8 ਘੰਟੇ 48 ਮਿੰਟ ਵਿੱਚ 3 ਘੰਟੇ 22 ਮਿੰਟ

(d) 4 ਘੰਟੇ 32 ਮਿੰਟ ਵਿੱਚ 3 ਘੰਟੇ 48 ਮਿੰਟ

4. ਘਟਾਓ :

(a) 3 ਘੰਟੇ 27 ਮਿੰਟ ਵਿੱਚੋਂ 1 ਘੰਟਾ 13 ਮਿੰਟ

(b) 15 ਘੰਟੇ 14 ਮਿੰਟ ਵਿੱਚੋਂ 3 ਘੰਟੇ 5 ਮਿੰਟ

(c) 12 ਘੰਟੇ 17 ਮਿੰਟ ਵਿੱਚੋਂ 4 ਘੰਟੇ 27 ਮਿੰਟ

(d) 9 ਘੰਟੇ 28 ਮਿੰਟ ਵਿੱਚੋਂ 3 ਘੰਟੇ 38 ਮਿੰਟ

5. ਇੱਕ ਰੇਲ ਗੱਡੀ 7:40 AM 'ਤੇ ਆਪਣੀ ਯਾਤਰਾ ਸ਼ੁਰੂ ਕਰਦੀ ਹੈ ਅਤੇ 2:15 PM 'ਤੇ ਪੂਰੀ ਕਰਦੀ ਹੈ। ਯਾਤਰਾ ਦਾ ਸਮਾਂ ਅੰਤਰਾਲ ਪਤਾ ਕਰੋ।

6. ਸ਼ਿਖਾ ਆਪਣੀ ਕਾਰ 'ਤੇ 6:40 AM 'ਤੇ ਸਫ਼ਰ ਸ਼ੁਰੂ ਕਰਦੀ ਹੈ। ਉਹ ਆਪਣਾ ਸਫ਼ਰ 3:50 PM 'ਤੇ ਪੂਰਾ ਕਰਦੀ ਹੈ। ਦੱਸੋ ਉਸਨੇ ਕਿੰਨਾ ਸਮਾਂ ਕਾਰ ਚਲਾਈ ?

7. ਇੱਕ ਕ੍ਰਿਕੇਟ ਮੈਚ 9:30 PM 'ਤੇ ਸ਼ੁਰੂ ਹੋਇਆ ਅਤੇ 1:25 AM 'ਤੇ ਖ਼ਤਮ ਹੋਇਆ। ਮੈਚ ਕੁੱਲ ਕਿੰਨੇ ਸਮੇਂ ਤੱਕ ਚੱਲਿਆ ?

8. ਸਨੀ ਭੰਗੜਾ ਅਭਿਆਸ 4:15 PM 'ਤੇ ਸ਼ੁਰੂ ਕਰਦਾ ਹੈ ਅਤੇ 6:10 PM 'ਤੇ ਖ਼ਤਮ ਕਰਦਾ ਹੈ। ਦੱਸੋ ਉਸਨੇ ਕਿੰਨੀ ਦੇਰ ਅਭਿਆਸ ਕੀਤਾ ?

## 6.6 ਕੈਲੰਡਰ

ਇੱਕ ਹਫ਼ਤੇ ਵਿੱਚ 7 ਦਿਨ ਹੁੰਦੇ ਹਨ ਉਹ ਇਹ ਹਨ :

1. ਸੋਮਵਾਰ
2. ਮੰਗਲਵਾਰ
3. ਬੁੱਧਵਾਰ
4. ਵੀਰਵਾਰ
5. ਸ਼ੁੱਕਰਵਾਰ
6. ਸ਼ਨੀਵਾਰ
7. ਐਤਵਾਰ

# 2018

**ਜਨਵਰੀ**

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 7 | 7 | 7 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 28 | 28 | 31 | | | |

**ਫਰਵਰੀ**

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | | | |

**ਮਾਰਚ**

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

**ਅਪ੍ਰੈਲ**

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | | | | | |

**ਮਈ**

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

**ਜੂਨ**

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |

**ਜੁਲਾਈ**

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

**ਅਗਸਤ**

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | 31 | |

**ਸਤੰਬਰ**

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ |
|---|---|---|---|---|---|---|
| 30 | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |

**ਅਕਤੂਬਰ**

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 7 | 7 | 7 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 28 | 28 | 31 | | | |

**ਨਵੰਬਰ**


| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | |

**ਦਸੰਬਰ**

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ |
|---|---|---|---|---|---|---|
| 30 | 31 | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 25 | 25 | 26 | 27 | 28 | 29 |

ਇੱਕ ਸਾਲ ਵਿੱਚ 12 ਮਹੀਨੇ ਹੁੰਦੇ ਹਨ।

| ਲੜੀ ਨੰ. | ਮਹੀਨਿਆਂ ਦੇ ਨਾਂ | ਦਿਨਾਂ ਦੀ ਗਿਣਤੀ |
|---|---|---|
| 1. | ਜਨਵਰੀ | 31 |
| 2. | ਫਰਵਰੀ | 28 ਜਾਂ 29 |
| 3. | ਮਾਰਚ | 31 |
| 4. | ਅਪ੍ਰੈਲ | 30 |
| 5. | ਮਈ | 31 |
| 6. | ਜੂਨ | 30 |
| 7. | ਜੁਲਾਈ | 31 |
| 8. | ਅਗਸਤ | 31 |
| 9. | ਸਤੰਬਰ | 30 |
| 10. | ਅਕਤੂਬਰ | 31 |
| 11. | ਨਵੰਬਰ | 30 |
| 12. | ਦਸੰਬਰ | 31 |







ਸਾਲ ਵਿੱਚ ਮਹੀਨੇ ਬਾਰਾਂ, ਮਹੀਨੇ
ਵਿੱਚ ਹੁੰਦੇ ਨੇ ਹਫ਼ਤੇ ਚਾਰ।
ਹਰ ਹਫ਼ਤੇ ਵਿੱਚ ਆਉਂਦੇ 7 ਦਿਨ ਵਾਰ ਵਾਰ।

## ਗਤੀਵਿਧੀ

### ਰਾਣੀ ਦੀ ਡਾਇਰੀ













ਜਨਵਰੀ, ਫਰਵਰੀ, ਮਾਰਚ, ਅਪ੍ਰੈਲ, ਮਈ, ਜੂਨ, ਜੁਲਾਈ, ਅਗਸਤ, ਸਤੰਬਰ, ਅਕਤੂਬਰ, ਨਵੰਬਰ, ਦਸੰਬਰ



1. ਕਰੀਨਾ ਦੀ ਸਮੇਂ ਰੇਖਾ ਵਿੱਚ ਇਹਨਾਂ ਨੂੰ ਸਹੀ ਕ੍ਰਮ ਵਿੱਚ ਲਿਖੋ।

5/3/15

ਪੈਦਾ ਹੋਈ

2. ਕਰੀਨਾ ਦਾ ਪਹਿਲਾ ਦੰਦ ਸਤੰਬਰ ਵਿੱਚ ਨਿਕਲਿਆ ਤਾਂ ਉਹ ਕਿੰਨੇ ਮਹੀਨਿਆਂ ਦੀ ਸੀ? ..........................

3. ਮਾਰਚ ਤੋਂ ਸਤੰਬਰ ਤੱਕ ਕਿੰਨੇ ਮਹੀਨੇ ਬੀਤ ਗਏ ? ..........................

4. ਕਰੀਨਾ ਕਿੰਨੀ ਵੱਡੀ ਸੀ, ਜਦੋਂ—

   (ੳ) ਉਹ ਬੈਠੀ ..........................

   (ਅ) ਉਸਦਾ ਪਹਿਲਾ ਦੰਦ ਨਿਕਲਿਆ ..........................



5. ਉਸਨੇ ਪਹਿਲਾਂ ਕੀ ਕੀਤਾ—

   (ੳ) ਚਲਣਾ ਜਾਂ ਕੇਲਾ ਖਾਣਾ ..........................

   (ਅ) ਰਿੜ੍ਹਨਾ ਜਾਂ ਖੜ੍ਹੇ ਹੋਣਾ। ..........................

ਰਾਣੀ ਦੇ ਘਰ ਇੱਕ ਲਾਡਲਾ ਕਤੂਰਾ ਵੀ ਸੀ। ਦੋ ਹਫ਼ਤਿਆਂ ਦੇ ਬਾਅਦ ਉਸਨੇ ਅੱਖਾਂ ਖੋਲ੍ਹੀਆਂ। ਰਾਣੀ ਨੇ ਕਤੂਰੇ ਨੂੰ ਇੰਝ ਵਧਦੇ ਹੋਏ ਵੇਖਿਆ—



3 ਹਫ਼ਤਿਆਂ ਵਿੱਚ ਉਸਦੇ ਖਾਣ ਦੇ ਦੰਦ ਨਿਕਲੇ ਤੇ ਉਸਨੇ ਖਾਣਾ ਸ਼ੁਰੂ ਕੀਤਾ



4 ਹਫ਼ਤਿਆਂ ਬਾਅਦ ਉਸਨੇ ਚਲਣਾ ਸ਼ੁਰੂ ਕੀਤਾ ਪਰ ਡਗਮਗਾਉਂਦੇ ਹੋਏ।



7 ਮਹੀਨਿਆਂ ਤੱਕ ਉਸਦੇ ਸਾਰੇ ਦੰਦ ਆ ਚੁੱਕੇ ਸਨ।



ਇੱਕ ਸਾਲ ਬਾਅਦ ਉਹ ਪੂਰੀ ਤਰ੍ਹਾਂ ਵੱਡਾ ਹੋ ਚੁੱਕਾ ਸੀ।

ਕਰੀਨਾ ਅਤੇ ਰਾਣੀ ਦੇ ਕਤੂਰੇ ਦੇ ਬਾਰੇ ਵਿੱਚ ਹੇਠਾਂ ਲਿਖੀਆਂ ਗਈਆਂ ਗੱਲਾਂ ਦੀ ਤੁਲਨਾ ਕਰੋ।

| | ਕਰੀਨਾ (ਉਮਰ) | ਕਤੂਰਾ (ਉਮਰ) |
|---|---|---|
| ਚਲਣਾ ਸ਼ੁਰੂ ਕੀਤਾ | | |
| ਪਹਿਲੀ ਵਾਰ ਖਾਣਾ ਖਾਧਾ | | |
| ਸ਼ੁਰੂਆਤੀ ਦੰਦ ਨਿਕਲੇ | | |

**ਹੁਣ ਹੇਠਾਂ ਦਿੱਤੀਆਂ ਗਈਆਂ ਤਾਰੀਖਾਂ ਨੂੰ ਸ਼ਬਦਾਂ ਵਿੱਚ ਲਿਖੋ —**

5/5/16 5 ਮਈ 2016

20/5/16 ____________________

7/6/16 ____________________

1/1/17 ____________________

**ਹੇਠ ਦਿੱਤੀਆਂ ਤਾਰੀਖਾਂ ਨੂੰ ਅੰਕਾਂ ਵਿੱਚ ਲਿਖੋ।**

1 ਜੂਨ 2016 ____________________

30 ਮਈ 2016 ____________________

10 ਅਗਸਤ 2017 ____________________

ਤੁਹਾਡੇ ਸਕੂਲ ਵਿੱਚ ਹੋਰ ਕਿਹੜੀਆਂ ਲੰਬੀਆਂ ਛੁੱਟੀਆਂ ਹੁੰਦੀਆਂ ਹਨ। ਉਹਨਾਂ ਸਭ ਤਾਰੀਖਾਂ ਦੇ ਬਾਰੇ ਲਿਖੋ—

| | ਤਾਰੀਖ | | ਦਿਨਾਂ ਦੀ ਗਿਣਤੀ |
|---|---|---|---|
| | ਤੋਂ | ਤੱਕ | |
| ਗਰਮੀ ਦੀਆਂ ਛੁੱਟੀਆਂ | | | |
| ਪਤਝੜ ਦੀਆਂ ਛੁੱਟੀਆਂ | | | |
| ਸਰਦੀਆਂ ਦੀਆਂ ਛੁੱਟੀਆਂ | | | |
| ਸਲਾਨਾ ਪਰੀਖਿਆਂ ਤੋਂ ਬਾਅਦ ਦੀਆਂ ਛੁੱਟੀਆਂ | | | |

### 6.6.1 ਕੇਲੰਡਰ ਬਾਰੇ ਕੁਝ ਹੋਰ

1. ਸਧਾਰਨ ਸਾਲ ਵਿੱਚ 365 ਦਿਨ ਹੁੰਦੇ ਹਨ। ਸਧਾਰਨ ਸਾਲ ਦੇ ਫਰਵਰੀ ਦੇ ਮਹੀਨੇ ਵਿੱਚ 28 ਦਿਨ ਹੁੰਦੇ ਹਨ।

2. ਲੀਪ ਦੇ ਸਾਲ ਵਿੱਚ 366 ਦਿਨ ਹੁੰਦੇ ਹਨ। ਲੀਪ ਦੇ ਸਾਲ ਵਿੱਚ ਫਰਵਰੀ ਦੇ ਮਹੀਨੇ ਵਿੱਚ 29 ਦਿਨ ਹੁੰਦੇ ਹਨ।
3. ਜਿਹੜਾ ਸਾਲ '4' ਨਾਲ ਪੂਰੀ ਤਰ੍ਹਾਂ ਵੰਡਿਆ ਜਾਵੇ ਉਹ ਲੀਪ ਦਾ ਸਾਲ ਹੁੰਦਾ ਹੈ।
4. ਜਿਹੜਾ ਸਾਲ '100' 'ਤੇ ਪੂਰੀ ਤਰ੍ਹਾਂ ਵੰਡਿਆ ਜਾਵੇ ਉਸਨੂੰ ਸ਼ਤਕ ਜਾਂ ਸਦੀ ਕਿਹਾ ਜਾਂਦਾ ਹੈ। ਇੱਕ ਪੂਰੀ ਸਦੀ ਲੀਪ ਦਾ ਸਾਲ ਤਾਂ ਹੁੰਦਾ ਹੈ, ਜੇਕਰ ਇਹ 400 ਤੇ ਪੂਰੀ ਤਰ੍ਹਾਂ ਵੰਡਿਆ ਜਾਵੇ।
5. 1 ਸਧਾਰਨ ਸਾਲ = 52 ਹਫਤੇ + 1 ਦਿਨ (365 ÷ 7 ਕਰਕੇ ਵੇਖੋ)
6. 1 ਲੀਪ ਦਾ ਸਾਲ = 52 ਹਫਤੇ +2 ਦਿਨ (366 ÷ 7 ਕਰਕੇ ਵੇਖੋ)
7. ਸਧਾਰਨ ਸਾਲ ਵਿੱਚ 1 ਜਨਵਰੀ ਅਤੇ 31 ਦਸੰਬਰ ਨੂੰ ਇੱਕੋ ਦਿਨ ਹੁੰਦਾ ਹੈ। (ਜਰਾ ਕੈਲੇਂਡਰ ਤਾਂ ਵੇਖੋ)

**ਉਦਾਹਰਨ 14 :** ਲੀਪ ਦੇ ਸਾਲ ਪਛਾਣੋ।

(a) 1900 (b) 2000 (c) 2018 (d) 2016

**ਉੱਤਰ :** (a) ਸਾਲ 1900 ਪੂਰੀ ਸਦੀ ਹੈ ਇਸਨੂੰ 400 'ਤੇ ਭਾਗ ਕਰਕੇ ਪਛਾਣਿਆ ਜਾ ਸਕਦਾ ਹੈ ਕਿ ਇਹ ਲੀਪ ਦਾ ਸਾਲ ਹੈ ਜਾਂ ਨਹੀਂ।

400) 1900 (4
-1600
300 ਬਾਕੀ

ਕਿਉਂਕਿ 1900, 400 ਨਾਲ ਪੂਰਾ ਪੂਰਾ ਨਹੀਂ ਵੰਡਿਆ ਗਿਆ। ਇਸ ਲਈ ਸਾਲ 1900 ਲੀਪ ਦਾ ਸਾਲ ਨਹੀਂ ਹੈ।

(b) ਸਾਲ 2000 ਪੂਰੀ ਸਦੀ ਹੈ ਇਸਨੂੰ 400 ਨਾਲ ਭਾਗ ਕਰਕੇ ਪਛਾਣਿਆ ਜਾ ਸਕਦਾ ਹੈ ਕਿ ਇਹ ਲੀਪ ਦਾ ਸਾਲ ਹੈ ਜਾਂ ਨਹੀਂ।

400) 2000 (5
-2000
0

ਕਿਉਂਕਿ 2000, 400 ਨਾਲ ਪੂਰਾ-ਪੂਰਾ ਵੰਡਿਆ ਗਿਆ। ਇਸ ਲਈ ਸਾਲ 2000 ਲੀਪ ਦਾ ਸਾਲ ਹੈ।

(c) ਸਾਲ 2018 ਪੂਰੀ ਸਦੀ ਨਹੀਂ ਹੈ ਇਸਨੂੰ 4 ਨਾਲ ਭਾਗ ਕਰਕੇ ਪਛਾਣਿਆ ਜਾ ਸਕਦਾ ਹੈ ਕਿ ਇਹ ਲੀਪ ਦਾ ਸਾਲ ਹੈ ਜਾਂ ਨਹੀਂ।

4) 2018 (504
- 20
× 1
- 0
18
-16
2 ਬਾਕੀ

ਕਿਉਂਕਿ 2018, 4 ਨਾਲ ਪੂਰਾ-ਪੂਰਾ ਨਹੀਂ ਵੰਡਿਆ ਗਿਆ। ਇਸ ਲਈ ਸਾਲ 2018 ਲੀਪ ਦਾ ਸਾਲ ਨਹੀਂ ਹੈ।

(d) ਸਾਲ 2016 ਪੂਰੀ ਸਦੀ ਨਹੀਂ ਹੈ ਇਸਨੂੰ '4' ਨਾਲ ਭਾਗ ਕਰਕੇ ਪਛਾਣਿਆ ਜਾ ਸਕਦਾ ਹੈ ਕਿ ਇਹ ਲੀਪ ਦਾ ਸਾਲ ਹੈ ਜਾਂ ਨਹੀਂ।

ਕਿਉਂਕਿ 2016, 4 ਨਾਲ ਪੂਰਾ-ਪੂਰਾ ਵੰਡਿਆ ਗਿਆ। ਇਸ ਲਈ ਸਾਲ 2016 ਲੀਪ ਦਾ ਸਾਲ ਹੈ।

```
4) 2016 (504
  - 20
  ----
    × 1
    - 0
  ----
     16
    -16
    ---
      ×
    ---
```

ਬੱਚਿਓ ਸਾਲ 2016 ਅਤੇ ਸਾਲ 2018 ਦੇ ਕੈਲੰਡਰ ਵੇਖੋ ਅਤੇ ਇਹਨਾਂ ਵਿੱਚ ਫਰਵਰੀ ਮਹੀਨੇ ਦੇ ਕਿੰਨੇ ਦਿਨ ਹਨ, ਦੀ ਜਾਂਚ ਕਰੋ। ਤੁਸੀਂ ਕੀ ਸਿੱਟਾ ਕੱਢਿਆ ਆਪਣੇ ਅਧਿਆਪਕ ਨਾਲ ਸਾਂਝਾ ਕਰੋ।

## ਅਭਿਆਸ 6.4

1. ਸਾਲ ਦੇ ਉਹਨਾਂ ਮਹੀਨਿਆਂ ਦੇ ਨਾਂ ਲਿਖੋ ਜਿਹੜੇ ਪੰਜਾਬੀ ਦੇ ਅੱਖਰ 'ਜ' ਤੋਂ ਸ਼ੁਰੂ ਹੁੰਦੇ ਹਨ?
2. ਸਾਲ ਦੇ ਉਹਨਾਂ ਮਹੀਨਿਆਂ ਦੇ ਨਾਂ ਲਿਖੋ ਜਿਨ੍ਹਾਂ ਵਿੱਚ 31 ਦਿਨ ਹੁੰਦੇ ਹਨ।
3. ਸਾਲ ਦੇ ਉਹਨਾਂ ਮਹੀਨਿਆਂ ਦੇ ਨਾਂ ਲਿਖੋ ਜਿਨ੍ਹਾਂ ਵਿੱਚ 30 ਦਿਨਾਂ ਤੋਂ ਘੱਟ ਦਿਨ ਹੁੰਦੇ ਹਨ।
4. ਤੁਹਾਡਾ ਜਨਮ ਦਿਨ ਸਾਲ ਦੇ ਕਿਸ ਮਹੀਨੇ ਆਉਂਦਾ ਹੈ?
5. ਤੁਹਾਨੂੰ ਗਰਮੀ ਦੀਆਂ ਅਤੇ ਸਰਦੀ ਦੀਆਂ ਛੁੱਟੀਆਂ ਕਿਸ ਮਹੀਨੇ ਹੁੰਦੀਆਂ ਹਨ?
6. ਸ਼ਿਵਾਸ਼ ਆਪਣੇ ਤਾਇਆ ਜੀ ਨਾਲ ਪਿਛਲੇ ਸਾਲ 28 ਮਈ ਤੋਂ 15 ਅਗਸਤ ਤੱਕ ਇਤਿਹਾਸਕ ਥਾਵਾਂ ਦੀ ਸੈਰ 'ਤੇ ਗਿਆ। ਦੱਸੋ, ਉਸਨੇ ਕਿੰਨੇ ਦਿਨ ਸੈਰ 'ਤੇ ਬਿਤਾਏ (28 ਮਈ ਅਤੇ 15 ਅਗਸਤ ਦੋਵੇਂ ਦਿਨ ਗਿਣਤੀ ਵਿੱਚ ਸ਼ਾਮਲ ਕਰੋ)।
7. ਸਾਲ 2018 ਵਿੱਚ 26 ਜਨਵਰੀ ਅਤੇ 15 ਅਗਸਤ ਵਿਚਕਾਰ ਦਿਨਾਂ ਦੀ ਗਿਣਤੀ ਕਰੋ (26 ਜਨਵਰੀ ਅਤੇ 15 ਅਗਸਤ ਨੂੰ ਵਿੱਚ ਸ਼ਾਮਲ ਕਰੋ)।
8. (a) 6 ਜੂਨ ਤੋਂ 22 ਨਵੰਬਰ ਤੱਕ ਕਿੰਨੇ ਦਿਨ ਬਣਨਗੇ?

   (b) ਸਰਦੀ ਦੀਆਂ ਛੁੱਟੀਆਂ 24 ਦਸੰਬਰ ਤੋਂ 31 ਦਸੰਬਰ ਤੱਕ ਕਿੰਨੇ ਦਿਨਾਂ ਦੀਆਂ ਬਣਦੀਆਂ ਹਨ?

   (c) ਜੇ ਜੂਨ ਦੀ 3 ਤਰੀਖ ਨੂੰ ਛੁੱਟੀਆਂ ਹੋ ਜਾਣ ਤਾਂ 4 ਜੁਲਾਈ ਤੱਕ ਕਿੰਨੀਆਂ ਛੁੱਟੀਆਂ ਬਣਦੀਆਂ ਹਨ?

# 2018

### ਜਨਵਰੀ

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | 31 | | | |

### ਫ਼ਰਵਰੀ

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | | | |

### ਮਾਰਚ

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

### ਅਪ੍ਰੈਲ

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | | | | | |

### ਮਈ

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

### ਜੂਨ

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |

### ਜੁਲਾਈ

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

### ਅਗਸਤ

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | 31 | |

### ਸਤੰਬਰ

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | | | | | | |

### ਅਕਤੂਬਰ

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | 31 | | | |

### ਨਵੰਬਰ

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | |

### ਦਸੰਬਰ

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | 31 | | | | | |

# 2016

### ਜਨਵਰੀ

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |
| 31 | | | | | | |

### ਫ਼ਰਵਰੀ

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | | | | | |

### ਮਾਰਚ

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

### ਅਪ੍ਰੈਲ

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |

### ਮਈ

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

### ਜੂਨ

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | | |

### ਜੁਲਾਈ

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |
| 31 | | | | | | |

### ਅਗਸਤ

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | 31 | | | |

### ਸਤੰਬਰ

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | |

### ਅਕਤੂਬਰ

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | 31 | | | | | |

### ਨਵੰਬਰ

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | | | |

### ਦਸੰਬਰ

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

## ਅਭਿਆਸ 6.5

**ਸਾਲ 2016 ਅਤੇ ਸਾਲ 2018 ਦੇ ਕੈਲੰਡਰ ਨੂੰ ਵੇਖਦੇ ਹੋਏ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ।**

1. ਜਨਵਰੀ 2016 ਅਤੇ ਜਨਵਰੀ 2018 ਵਿੱਚ ਕਿੰਨੇ ਐਤਵਾਰ ਹਨ ?
2. ਸਾਲ 2018 ਵਿੱਚ ਅਜ਼ਾਦੀ ਦਾ ਦਿਨ ਕਿਹੜੇ ਦਿਨ ਆਵੇਗਾ ?
3. ਅਪ੍ਰੈਲ 2018 ਦਾ ਪਹਿਲਾ ਸੋਮਵਾਰ ਕਿੰਨੀ ਤਰੀਖ਼ ਨੂੰ ਹੈ ?
4. ਫਰਵਰੀ 2016 ਅਤੇ ਫਰਵਰੀ 2018 ਵਿੱਚ ਕਿੰਨੇ ਦਿਨ ਹਨ ? ਇਸ ਤੋਂ ਤੁਸੀਂ ਕੀ ਨਤੀਜਾ ਕੱਢਿਆ ?
5. ਸਾਲ 2018 ਦੇ ਅਖ਼ੀਰਲੇ ਸ਼ੁੱਕਰਵਾਰ ਨੂੰ ਕਿੰਨੀ ਤਰੀਖ਼ ਹੈ ?
6. 1 ਜਨਵਰੀ 2018 ਅਤੇ 31 ਦਸੰਬਰ 2018 ਨੂੰ ਕਿਹੜਾ ਦਿਨ ਹੈ ?
7. 31 ਦਿਨਾਂ ਵਾਲੇ ਮਹੀਨੇ ਕਿਹੜੇ ਹਨ ?
8. ਕੈਲੰਡਰ ਤੋਂ ਆਪਣੇ ਜਨਮ ਦਿਨ ਵਾਲੀ ਤਰੀਖ਼ ਅਤੇ ਮਹੀਨਾ ਲੱਭੋ ਅਤੇ ਦਿਨ ਵੀ ਲਿਖੋ।

## ਬਹੁ-ਵਿਕਲਪਿਕ ਪ੍ਰਸ਼ਨ (MCQ)

1. ਇੱਕ ਦਿਨ ਵਿੱਚ ਘੰਟੇ ਹੁੰਦੇ ਹਨ :

   (a) 24 (b) 12 (c) 18 (d) 16

2. ਇੱਕ ਹਫਤੇ ਵਿੱਚ ਕਿੰਨੇ ਦਿਨ ਹੁੰਦੇ ਹਨ ?

   (a) 6 (b) 8 (c) 7 (d) 31

3. ਹੇਠ ਲਿਖਿਆਂ ਵਿੱਚੋਂ ਲੀਪ ਦਾ ਸਾਲ ਕਿਹੜਾ ਹੈ ?

   (a) 2100 (b) 2000 (c) 2200 (d) 1900

4. ਹੇਠ ਲਿਖਿਆਂ ਵਿੱਚੋਂ ਲੀਪ ਦਾ ਸਾਲ ਕਿਹੜਾ ਹੈ ?

   (a) 2013 (b) 2014 (c) 2015 (d) 2016

5. ਲੀਪ ਦੇ ਸਾਲ ਵਿੱਚ ਕਿੰਨੇ ਦਿਨ ਹੁੰਦੇ ਹਨ ?

   (a) 365 ਦਿਨ (b) 361 ਦਿਨ (c) 366 ਦਿਨ (d) 360 ਦਿਨ

6. ਸਾਲ ਦਾ ਛੇਵਾਂ ਅਤੇ ਅੱਠਵਾਂ ਮਹੀਨਾ ਕਿਹੜਾ ਹੈ ?

   (a) ਮਈ ਅਤੇ ਜੁਲਾਈ (b) ਜੂਨ ਅਤੇ ਸਤੰਬਰ

   (c) ਜੂਨ ਅਤੇ ਅਗਸਤ (d) ਅਗਸਤ ਅਤੇ ਮਈ

## ਅਸੀਂ ਜੋ ਸਿੱਖਿਆ :

ਇਸ ਅਧਿਆਇ ਨੂੰ ਕਰਨ ਤੋਂ ਬਾਅਦ ਵਿਦਿਆਰਥੀ ਹੇਠਾਂ ਲਿਖੇ ਸਿੱਖਣ ਨਤੀਜੇ ਪ੍ਰਾਪਤ ਕਰੇਗਾ—

- ਵਿਦਿਆਰਥੀ ਘੜੀ ਨੂੰ ਘੰਟੇ ਅਤੇ ਮਿੰਟਾਂ ਵਿੱਚ ਪੜ੍ਹਣ ਦੇ ਯੋਗ ਹੋ ਗਿਆ ਹੈ।
- ਵਿਦਿਆਰਥੀ 12 ਅਤੇ 24 ਘੰਟਿਆਂ ਦੇ ਸੰਕਲਪ ਨੂੰ ਸਮਝ ਗਿਆ ਹੈ।
- ਵਿਦਿਆਰਥੀ AM, PM ਦੀ ਵਰਤੋਂ ਸਿੱਖ ਗਿਆ ਹੈ।
- ਵਿਦਿਆਰਥੀ ਕੈਲੰਡਰ ਦੀ ਵਰਤੋਂ ਸਿੱਖ ਗਿਆ ਹੈ।

# ਉੱਤਰ ਮਾਲਾ

### ਅਭਿਆਸ 6.1

1. (a) 1:55 (b) 7:10 (c) 9:05
   (d) 8:15 (e) 8:50 (f) 9:00

3. (a) 15 ਮਿੰਟ (b) 25 ਮਿੰਟ

4. 4:18

5. 5:58

### ਅਭਿਆਸ 6.2

1. (a) 45 (b) 45 (c) 30 (d) 40

2. (a) 4:45PM (b) 4:15PM (c) 8:25 PM

3. (a) 5:20 AM (b) 6:40 PM (c) 9:35 PM
   (d) 11:00 AM (e) 8:40 AM

4. (a) 09:45 ਘੰਟੇ (b) 21:45 ਘੰਟੇ (c) 10:15 ਘੰਟੇ
   (d) 22:15 ਘੰਟੇ (e) 03:20 ਘੰਟੇ (f) 15:20 ਘੰਟੇ

5. (a) 8:48 AM (b) 8:48 PM (c) 1:13 PM
   (d) 7:20 AM (e) 6:00 AM (f) 7:30 PM

### ਅਭਿਆਸ 6.3

1. (a) 11:20 AM (b) 2:00 PM (c) 1:15 AM
   (d) 7:10 PM (e) 5:30 PM (f) 9:35 AM

2. (a) 11:00 PM (b) 2:30 PM (c) 10:00 AM
(d) 3:00 AM (e) 8:00 PM (f) 7:50 AM

3. (a) 5 ਘੰਟੇ 43 ਮਿੰਟ (b) 19 ਘੰਟੇ 40 ਮਿੰਟ
(c) 12 ਘੰਟੇ 50 ਮਿੰਟ (d) 8 ਘੰਟੇ 20 ਮਿੰਟ

4. (a) 2 ਘੰਟੇ 14 ਮਿੰਟ (b)12 ਘੰਟੇ 9 ਮਿੰਟ
(c) 07 ਘੰਟੇ 50 ਮਿੰਟ (d) 5 ਘੰਟੇ 50 ਮਿੰਟ

5. 6 ਘੰਟੇ 35 ਮਿੰਟ

6. 9 ਘੰਟੇ 10 ਮਿੰਟ

7. 3 ਘੰਟੇ 55 ਮਿੰਟ

8. 1 ਘੰਟਾ 55 ਮਿੰਟ

## ਅਭਿਆਸ 6.4

1. ਜਨਵਰੀ, ਜੂਨ, ਜੁਲਾਈ
2. ਜਨਵਰੀ, ਮਾਰਚ, ਮਈ, ਜੁਲਾਈ, ਅਗਸਤ, ਅਕਤੂਬਰ, ਦਸੰਬਰ
3. ਫਰਵਰੀ
5. ਗਰਮੀ ਦੀਆਂ ਛੁੱਟੀਆ - ਜੂਨ
ਸਰਦੀ ਦੀਆਂ ਛੁੱਟੀਆਂ - ਦਸੰਬਰ
6. 80 ਦਿਨ
7. 202 ਦਿਨ
8. (a) 170 (b) 8 (c) 32

## ਅਭਿਆਸ 6.5

1. 5, 4
2. ਬੁੱਧਵਾਰ
3. 2
4. 29, 28
5. 28
6. ਸੋਮਵਾਰ
7. ਜਨਵਰੀ, ਮਾਰਚ, ਮਈ, ਜੁਲਾਈ, ਅਗਸਤ, ਅਕਤੂਬਰ, ਦਸੰਬਰ।

## ਬਹੁ-ਵਿਕਲਪਿਕ ਪ੍ਰਸ਼ਨ (MCQ)

1. (a)
2. (c)
3. (b)
4. (d)
5. (c)
6. (c)